ਵੱਲੋਂ,

ਡਾਇਰੈਕਟਰ,
ਤਕਨੀਕੀ ਸਿਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ,
(ਤਕਨੀਕੀ ਸਿਖਿਆ ਵਿੰਗ),ਚੰਡੀਗੜ੍ਹ।

ਸੇਵਾ ਵਿਖੇ,

1. ਰਜਿਸਟਰਾਰ, ਪੰਜਾਬ ਤਕਨੀਕੀ ਯੂਨੀਵਰਸਿਟੀ,ਜਲੰਧਰ।
2. ਸਕੱਤਰ,ਪੰਜਾਬ ਰਾਜ ਤਕਨੀਕੀ ਸਿਖਿਆ ਅਤੇ ਉਦਯੋਗਿਕ ਸਿਖਲਾਈ, ਬੋਰਡ,ਚੰਡੀਗੜ੍ਹ।
3. ਪ੍ਰਿੰਸੀਪਲ (ਸਾਰੇ ਇੰਜੀਨੀਅਰਿੰਗ ਕਾਲਜ ਅਤੇ ਬਹੁਤਕਨੀਕੀ ਕਾਲਜ)

ਮੀਮੋ ਨੰ: /ਸਿਟੀਜਨ ਚਾਰਟਰ ਮਿਤੀ:

ਵਿਸ਼ਾ: ਤਕਨੀਕੀ ਸਿਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ ਦਾ Citizen Charter and Grievance Redressal Mechanism ਲਾਗੂ ਕਰਨ ਬਾਰੇ।

ਪੰਜਾਬ ਸਰਕਾਰ ਵੱਲੋਂ ਯੋਗ ਪੱਧਰ ਤੇ ਵਿਭਾਗ ਦਾ Citizen Charter and Grievance Redressal Mechanism ਲਾਗੂ ਕਰਨ ਦਾ ਫੈਸਲਾ ਕੀਤਾ ਗਿਆ ਹੈ, ਜਿਸ ਦੀ ਕਾਪੀ ਵਿਭਾਗ ਦੀ ਵੈਬ ਸਾਈਟ www dtepunjab.gov.in ਤੇ ਉਪਲਬਧ ਹੈ।ਸਰਕਾਰ ਦੇ ਇਸ ਫੈਸਲੇ ਅਨੁਸਾਰ ਵਿਭਾਗ ਦੇ ਸਾਰੇ ਸਟੇਕ ਹੋਲਡਰਾਂ ਜਿਵੇਂ ਵਿਦਿਆਰਥੀਆਂ, ਸਟਾਫ,ਸਬੰਧੀਕ੍ਰਿਤ ਕਾਲਜ/ਸੰਸਥਾਵਾਂ ਅਤੇ ਜਨਰਲ ਪਬਲਿਕ ਦੇ ਧਿਆਨ ਵਿੱਚ "Citizen Charter and Grievance Redressal Mechanism" ਨੂੰ ਲਿਆਉਣ ਲਈ ਯੋਗ ਉਪਰਾਲੇ ਕੀਤੇ ਜਾਣ ਅਤੇ ਇਸ ਵਿੱਚ ਦਰਜ ਸਮਾਂਬੱਧ ਸੇਵਾਵਾਂ ਸਬੰਧਤਾਂ ਨੂੰ ਦੇਣ ਲਈ ਯੋਗ ਕਾਰਵਾਈ ਕੀਤੀ ਜਾਵੇ। //

ਵਧੀਕ ਡਾਇਰੈਕਟਰ,
ਵਾ: ਡਾਇਰੈਕਟਰ ਤਕਨੀਕੀ ਸਿਖਿਆ ਅਤੇ
ਉਦਯੋਗਿਕ ਸਿਖਲਾਈ ਵਿਭਾਗ,ਪੰਜਾਬ,ਚੰਡੀਗੜ੍ਹ।

ਪਿੱਠ ਅੰਕਣ ਨੰ: 33-38 /ਸਿਟੀਜਨ ਚਾਰਟਰ ਮਿਤੀ: 8-1-2015

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1) ਡਾਇਰੈਕਟਰ ਜਨਰਲ, ਮਹਾਂਤਮਾ ਗਾਂਧੀ ਸਟੇਟ ਇੰਸਟੀਚਿਊਟ ਆਫ ਪਬਲਿਕ ਐਡਮਿਸ਼ਟ੍ਰੇਸ਼ਨ,ਸੈਕਟਰ - 26,
ਚੰਡੀਗੜ੍ਹ।
2) ਪ੍ਰਿੰਸੀਪਲ, ਸਰਕਾਰੀ ਬਹੁਤਕਨੀਕੀ ਕਾਲਜ ਲੜਕੀਆਂ, ਜਲੰਧਰ।
3) ਸ੍ਰੀ ਬਲਜਿੰਦਰ ਸਿੰਘ,ਪ੍ਰਿੰਸੀਪਲ, ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾ, ਲੁਧਿਆਣਾ।
4) ਮੁੱਖ ਦਫਤਰ ਦੇ ਸਾਰੇ ਅਫਸਰ/ਸ਼ਾਖਾ ਸੁਪਰਡੰਟ।
5) ਪ੍ਰੋਗਰਾਮਰ, ਮੁੱਖ ਦਫਤਰ ਨੂੰ ਤਕਨੀਕੀ ਸਿਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ ਦੇ ਵੈਬ ਸਾਈਟ ਤੇ ਪੀ.ਡੀ.ਐਫ ਫਾਰਮੇਟ ਵਿੱਚ ਪਾਉਣ ਲਈ।
6) ਵਧੀਕ ਡਾਇਰੈਕਟਰ ਉਦਯੋਗਿਕ ਸਿਖਲਾਈ ਵਿਭਾਗ ਨੂੰ ਉਪਰੋਕਤ ਦਾ ਉਤਾਰਾ ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ ਸਿਟੀਜਨ ਚਾਰਟਰ ਨੂੰ ਲਾਗੂ ਕਰਨ ਸਬੰਧੀ ਆਪਣੇ ਅਧੀਨ ਆਉਂਦੀਆਂ ਸੰਸਥਾਵਾਂ ਨੂੰ ਇਹ ਦਿਸ਼ਾ ਨਿਰਦੇਸ਼ ਦੇ ਦਿੱਤੇ ਜਾਣ।

7/1/2015

ਵਧੀਕ ਡਾਇਰੈਕਟਰ,
ਵਾ: ਡਾਇਰੈਕਟਰ ਤਕਨੀਕੀ ਸਿਖਿਆ ਅਤੇ
ਉਦਯੋਗਿਕ ਸਿਖਲਾਈ ਵਿਭਾਗ,ਪੰਜਾਬ,ਚੰਡੀਗੜ੍ਹ।